# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ :23-09-2025**

## ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ

- ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ, ਆਯੁਸ਼ਮਾਨ ਭਾਰਤ ਦੇ ਅੱਜ ਸੱਤ ਸਾਲ ਪੂਰੇ ਹੋਣ ‘ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਸ ਯੋਜਨਾ ਨੇ ਮਾਲੀ ਸੁਰੱਖਿਆ ਅਤੇ ਮਾਣ ਨੂੰ ਯਕੀਨੀ ਬਣਾਇਆ ਏ।
- ਰੇਲਵੇ ਮੰਤਰਾਲੇ ਨੇ ਪੰਜਾਬ ਲਈ ਫਿਰੋਜ਼ਪੁਰ – ਦਿੱਲੀ ਅਤੇ ਮੋਹਾਲੀ – ਰਾਜਪੁਰਾ ਰੇਲ ਲਿੰਕ ਦਾ ਕੀਤਾ ਐਲਾਨ .
- ਮੁੱਖ ਮੰਤਰੀ ਸਿਹਤ ਯੋਜਨਾ’ ਤਹਿਤ ਰਜਿਸਟ੍ਰੇਸ਼ਨ ਅੱਜ ਤੋਂ ਸ਼ੁਰੂ ਹੋ ਗਈ ਏ .

- ਮਹਾਨ ਸੂਫੀ ਦਰਵੇਸ਼, ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ ਪੁਰਬ ਮੌਕੇ ਫ਼ਰੀਦਕੋਟ'ਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ.
- ਜਲੰਧਰ ਦੇ ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ 20 ਫੈਕਲਟੀ ਮੈਂਬਰਾਂ ਨੂੰ ਦੁਨੀਆ ਦੇ ਚੋਟੀ ਦੇ 2 ਫੀਸਦੀ ਵਿਗਿਆਨੀਆਂ ਚ ਮਾਨਤਾ ਦਿੱਤੀ ਗਈ ਏ।

**<u>ਹੁਣ ਖਬਰਾਂ ਵਿਸਥਾਰ ਨਾਲ</u>**

ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ, ਆਯੁਸ਼ਮਾਨ ਭਾਰਤ ਦੇ ਅੱਜ ਸੱਤ ਸਾਲ ਪੂਰੇ ਕਰ ਰਹੀ ਏ। ਸਤੰਬਰ 2018 ਵਿੱਚ ਰਾਂਚੀ ਵਿੱਚ ਸ਼ੁਰੂ ਕੀਤੀ ਗਈ, ਇਹ ਦੁਨੀਆ ਦੀ ਸਭ ਤੋਂ ਵੱਡੀ ਸਰਕਾਰੀ ਫੰਡ ਪ੍ਰਾਪਤ ਸਿਹਤ ਬੀਮਾ ਯੋਜਨਾ ਏ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਦੇਸ਼, ਆਯੁਸ਼ਮਾਨ ਭਾਰਤ ਦੇ ਕਾਰਨ ਜਨਤਕ ਸਿਹਤ ਸੰਭਾਲ ਵਿੱਚ ਇੱਕ ਕ੍ਰਾਂਤੀ ਦੇਖ ਰਿਹਾ ਏ। ਯੋਜਨਾ ਦੇ ਸੱਤ ਸਾਲ ਪੂਰੇ ਹੋਣ'ਤੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ, ਇਸ ਯੋਜਨਾ ਨੇ ਮਾਲੀ ਸੁਰੱਖਿਆ ਅਤੇ ਮਾਣ-ਸਨਮਾਨ ਨੂੰ ਯਕੀਨੀ ਬਣਾਇਆ ਏ। ਉਨ੍ਹਾਂ ਕਿਹਾ

ਕਿ, ਭਾਰਤ ਨੇ ਦਿਖਾਇਆ ਏ ਕਿ ਕਿਵੇਂ ਪੈਮਾਨਾ, ਹਮਦਰਦੀ ਅਤੇ ਤਕਨਾਲੋਜੀ ਮਨੁੱਖੀ ਸ਼ਕਤੀਕਰਨ ਨੂੰ ਅੱਗੇ ਵਧਾ ਸਕਦੀ ਏ। ਪ੍ਰਧਾਨ ਮੰਤਰੀ ਨੇ ਕਿਹਾ ਕਿ, ਆਯੁਸ਼ਮਾਨ ਭਾਰਤ ਇੱਕ ਅਜਿਹੀ ਪਹਿਲ ਏ ਜੋ ਭਵਿੱਖ ਦੀਆਂ ਜ਼ਰੂਰਤਾਂ ਦਾ ਅੰਦਾਜ਼ਾ ਲਾਉਂਦੀ ਏ ਅਤੇ ਲੋਕਾਂ ਲਈ ਉੱਚ ਗੁਣਵੱਤਾ ਦੇ ਨਾਲ-ਨਾਲ ਕਿਫਾਇਤੀ ਸਿਹਤ ਸੰਭਾਲ ਨੂੰ ਯਕੀਨੀ ਬਣਾਉਣ 'ਤੇ ਕੇਂਦ੍ਰਿਤ ਏ ।

----------------------------------------------------------

ਰੇਲਵੇ ਮੰਤਰਾਲੇ ਨੇ ਪੰਜਾਬ ਦੇ ਫਿਰੋਜ਼ਪੁਰ ਛਾਉਣੀ ਤੋਂ ਦਿੱਲੀ ਤੱਕ ਇੱਕ ਨਵੀਂ ਵੰਦੇ ਭਾਰਤ ਐਕਸਪ੍ਰੈਸ ਰੇਲਗੱਡੀ ਚਲਾਉਣ ਦੀ ਤਜਵੀਜ਼ ਰਖੀ ਏ. ਨਵੀਂ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਇਸ ਵੇਲੇ ਪੰਜਾਬ ਵਿੱਚ ਪੰਜ ਵੰਦੇ ਭਾਰਤ ਰੇਲਗੱਡੀਆਂ ਚੱਲ ਰਹੀਆਂ ਨੇ, ਜੋ ਰਾਜ ਦੇ ਸੱਤ ਜ਼ਿਲ੍ਹਿਆਂ ਨੂੰ ਕਵਰ ਕਰਦੀਆਂ ਨੇ. ਉਨ੍ਹਾਂ ਦੱਸਿਆ ਕਿ ਪਿਛਲੇ ਗਿਆਰਾਂ ਸਾਲਾਂ ਵਿੱਚ ਪੰਜਾਬ ਲਈ ਰੇਲਵੇ ਬਜਟ ਵਿੱਚ 24 ਗੁਣਾ ਵਾਧਾ ਕੀਤਾ ਗਿਆ ਏ.

Byte

ਮੰਤਰੀ ਨੇ ਦੱਸਿਆ ਕਿ 443 ਕਰੋੜ ਰੁਪਏ ਦੀ ਨਵੀਂ ਰੇਲ ਲਾਈਨ ਰਾਜਪੁਰਾ - ਮੋਹਾਲੀ ਨੂੰ, ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਏ । ਉਨ੍ਹਾਂ ਕਿਹਾ ਕਿ ਰਾਜਪੁਰਾ ਅਤੇ ਮੋਹਾਲੀ ਵਿਚਕਾਰ ਸਿੱਧਾ ਸੰਪਰਕ ਯਾਤਰਾ ਦੀ ਦੂਰੀ 66 ਕਿਲੋਮੀਟਰ ਘਟਾ ਦੇਵੇਗਾ। ਸ੍ਰੀ ਵੈਸ਼ਨਵ ਨੇ ਅੱਗੇ ਕਿਹਾ ਕਿ ਇਹ ਟੈਕਸਟਾਈਲ ਨਿਰਮਾਣ ਅਤੇ ਖੇਤੀਬਾੜੀ ਵਰਗੀਆਂ ਸਨਅਤਾਂ ਨੂੰ ਹੁਲਾਰਾ ਦੇਵੇਗਾ ।

--------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਐਲਾਨੀ 'ਮੁੱਖ ਮੰਤਰੀ ਸਿਹਤ ਯੋਜਨਾ', ਜਿਸ ਦਾ ਮਨੋਰਥ ਲੋਕਾਂ ਨੂੰ 10 ਲੱਖ ਰੁਪਏ ਤੱਕ ਦਾ ਨਗਦੀ ਰਹਿਤ ਇਲਾਜ ਮੁਹੱਈਆ ਕਰਵਾਉਣਾ ਏ ਦੀ ਅੱਜ ਤੋਂ ਰਜਿਸਟ੍ਰੇਸ਼ਨ ਅੱਜ ਜ਼ਿਲ੍ਹਾ ਤਰਨ ਤਾਰਨ ਤੋਂ ਸ਼ੁਰੂ ਹੋ ਗਈ ਏ ।ਇਸ ਸਬੰਧੀ ਅੱਜ ਸਰਕਾਰੀ ਐਲੀਮੈਂਟਰੀ ਸਕੂਲ ਫਹਿਤਚੱਕ (ਤਰਨ ਤਾਰਨ) ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਦੌਰਾਨ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ "ਮੁੱਖ ਮੰਤਰੀ ਸਿਹਤ ਯੋਜਨਾ" ਸਬੰਧੀ ਰਜਿਸਟਰੇਸ਼ਨ ਕਰਨ ਦੀ ਸ਼ੂਰੂਆਤ ਚੰਡੀਗੜ੍ਹ ਵਿਖੇ ਵੀਡੀਓ

ਕਾਨਫਰੰਸ ਰਾਹੀਂ ਕੀਤੀ ਗਈ। ਤਰਨ ਤਾਰਨ ਵਿੱਚ ਪਹਿਲੀ ਅਕਤੂਬਰ, 2025 ਤੱਕ ਕੁਲ 132 ਰਜਿਸਟ੍ਰੇਸ਼ਨ ਕੈਂਪ ਆਮ ਲੋਕਾ ਦੀ ਸਹੂਲਤ ਲਈ ਲਗਾਏ ਜਾਣੇ ਨੇ. ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ 10-12 ਦਿਨਾਂ ਦੇ ਅੰਦਰ ਮੁਕੰਮਲ ਕਰ ਲਿਆ ਜਾਵੇਗਾ।

---------------------------------------------------

ਭਾਰਤ ਦੀ ਅਸਿੱਧੇ ਟੈਕਸ ਪ੍ਰਣਾਲੀ ਨੂੰ ਸਰਲ ਬਣਾਉਣ ਵੱਲ, ਕੱਲ੍ਹ ਲਾਗੂ ਕੀਤੇ ਗਏ ਅਗਲੀ ਪੀੜ੍ਹੀ ਦੇ GST ਸੁਧਾਰ ਇੱਕ ਵੱਡਾ ਕਦਮ ਨੇ. ਇਹ ਸੁਧਾਰ ਵਸਤਾਂ ਅਤੇ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ 'ਤੇ ਟੈਕਸ ਦਰਾਂ ਘਟਾ ਕੇ ਲੋਕਾਂ ਨੂੰ ਕਾਫੀ ਰਾਹਤ ਪ੍ਰਦਾਨ ਕਰਨਗੇ। ਇੱਕ ਰਿਪੋਰਟ :-

ਅਗਲੀ ਪੀੜ੍ਹੀ ਦੇ GST ਸੁਧਾਰਾਂ ਤਹਿਤ, ਖਪਤਕਾਰਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਸਰਕਾਰ ਵਲੋਂ ਕੀਤੀਆਂ ਗਈਆਂ ਕਟੌਤੀਆਂ ਦਾ ਲਾਭ ਮਿਲਣਾ ਸ਼ੁਰੂ ਹੋ ਗਿਆ ਏ। ਲੋਕਾਂ ਨੂੰ ਸਿੱਧੀ ਬੱਚਤ ਪ੍ਰਦਾਨ ਕਰਨ ਲਈ, ਸਰਕਾਰ ਨੇ ਰੋਜ਼ਾਨਾ ਦੀਆਂ ਜ਼ਰੂਰੀ ਚੀਜ਼ਾਂ ਅਤੇ ਪੈਕ ਕੀਤੇ ਭੋਜਨ 'ਤੇ ਟੈਕਸ ਘਟਾ ਦਿੱਤੇ ਨੇ. ਵਾਲਾਂ ਦਾ ਤੇਲ, ਸਾਬਣ, ਸ਼ੈਂਪੂ, ਟੁੱਥਪੇਸਟ, ਟੁੱਥਬ੍ਰਸ਼ ਅਤੇ ਸ਼ੇਵਿੰਗ ਕਰੀਮ ਵਰਗੇ ਉਤਪਾਦਾਂ 'ਤੇ GST ਦਰਾਂ 18 ਫੀਸਦੀ ਤੋਂ ਘਟਾ ਕੇ 5 ਫੀਸਦੀ ਕਰ ਦਿੱਤੀਆਂ

ਗਈਆਂ ਨੇ. ਅਤਿ-ਉੱਚ-ਤਾਪਮਾਨ ਵਾਲੇ ਦੁੱਧ, ਪਨੀਰ, ਛੇਨਾ, ਰੋਟੀ ਅਤੇ ਪਰਾਂਠੇ 'ਤੇ GST ਟੈਕਸ ਪੂਰੀ ਤਰ੍ਹਾਂ ਹਟਾ ਦਿੱਤਾ ਗਿਆ ਏ । ਨਮਕੀਨ, ਭੁਜੀਆ, SAUCE, ਪਾਸਤਾ, ਨੂਡਲਜ਼, ਚਾਕਲੇਟ, ਕੌਫੀ, ਕੌਰਨਫਲੇਕ ਸ, ਮੱਖਣ ਅਤੇ ਘਿਓ ਵਰਗੀਆਂ ਖਾਣ-ਪੀਣ ਦੀਆਂ ਚੀਜ਼ਾਂ, ਜੋ ਪਹਿਲਾਂ 12 ਫੀਸਦੀ ਸਲੈਬ ਵਿੱਚ ਸਨ, ਨੂੰ ਵੀ 5 ਫੀਸਦੀ ਕਰ ਦਿੱਤਾ ਗਿਆ ਏ । ਇਸ ਦੌਰਾਨ, ਰਸੋਈ ਦੇ ਭਾਂਡੇ, ਡਾਇਪਰ ਅਤੇ ਸਿਲਾਈ ਮਸ਼ੀਨਾਂ ਵਰਗੀਆਂ ਹੋਰ ਘਰੇਲੂ ਵਰਤੋਂ ਦੀਆਂ ਜ਼ਰੂਰੀ ਚੀਜ਼ਾਂ 'ਤੇ ਹੁਣ ਸਿਰਫ 5 ਫੀਸਦੀ GST ਲੱਗੇਗਾ। ਜੀਐਸਟੀ ਕੌਂਸਲ ਦਾ ਇਹ ਫੈਸਲਾ ਪਰਿਵਾਰਾਂ 'ਤੇ ਸਿੱਧੇ ਤੌਰ 'ਤੇ ਮਾਲੀ ਬੋਝ ਘਟਾ ਰਿਹਾ ਏ ਅਤੇ ਖਪਤਕਾਰਾਂ ਦੀ ਖਰੀਦ ਸ਼ਕਤੀ ਵਧਾ ਕੇ ਉਨ੍ਹਾਂ ਨੂੰ ਮਜ਼ਬੂਤ ਕਰੇਗਾ।

---

ਮਹਾਨ ਸੂਫੀ ਦਰਵੇਸ਼, ਬਾਬਾ ਸ਼ੇਖ ਫ਼ਰੀਦ ਜੀ ਦੇ ਫ਼ਰੀਦਕੋਟ ਵਿਖੇ 19 ਤੋਂ 23 ਸਤੰਬਰ ਤੱਕ ਮਨਾਏ ਜਾ ਰਹੇ ਆਗਮਨ ਪੁਰਬ ਦੇ 5ਵੇਂ ਦਿਨ ਸਰਬੱਤ ਦੇ ਭਲੇ ਲਈ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ

ਅਤੇ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਟਿੱਲਾ ਬਾਬਾ ਫਰੀਦ ਵਿਖੇ ਨਤਮਸਤਕ ਹੋਏ। ਇਹ ਨਗਰ ਕੀਰਤਨ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਬਾਬਾ ਫ਼ਰੀਦ ਜੀ ਦੀ ਇਲਾਹੀ ਬਾਣੀ ਦੇ ਗਾਇਨ ਨਾਲ ਸੰਗਤਾਂ ਨੂੰ ਨਿਹਾਲ ਕਰਦਾ ਆਰੰਭ ਹੋਇਆ । ਸ਼ਹਿਰ ਦੇ ਪ੍ਰਮੁੱਖ ਚੌਂਕਾਂ ਰਾਹੀਂ ਹੁੰਦਾ ਹੋਇਆ ਇਹ ਮਹਾਨ ਨਗਰ ਕੀਰਤਨ ਗੁਰਦੁਆਰਾ ਮਾਈ ਗੋਦੜੀ ਸਾਹਿਬ ਵਿਖੇ ਪੁੱਜਾ ਜਿਥੇ ਵਿਸ਼ਾਲ ਧਾਰਮਿਕ ਦੀਵਾਨ ਸਜਾਇਆ ਗਿਆ ।ਇਸ ਮੌਕੇ ਮਸ਼ਹੂਰ ਰਾਗੀ ਜੱਥਿਆਂ ਵੱਲੋਂ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ ਗਿਆ।

---------------------------------------------

ਦਸਵੇਂ ਆਯੁਰਵੇਦ ਦਿਵਸ ਦੇ ਮੌਕੇ ਤੇ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਹੁਸ਼ਿਆਰਪੁਰ ਵਿਖੇ ਇੱਕ ਵਿਸ਼ੇਸ਼ ਪ੍ਰੋਗ੍ਰਾਮ ਕੀਤਾ ਗਿਆ। ਇਸ ਪ੍ਰੋਗ੍ਰਾਮ ਦੌਰਾਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਸੰਜੀਵ ਸੂਦ ਵੱਲੋਂ ਆਯੁਰਵੇਦ ਦਿਵਸ ਸੰਦੇਸ਼ ਪੜਿਆ ਗਿਆ। ਇਸ ਮੌਕੇ ਉਰਮਲਾ ਦੇਵੀ ਆਯੁਰਵੇਦਿਕ ਮੈਡੀਕਲ

ਕਾਲਜ ਖੜਕਾਂ ਦੇ ਵਿਦਿਆਰਥੀਆਂ ਵੱਲੋਂ ਆਯੁਰਵੇਦ ਦੀ ਮਹੱਤਤਾ ਤੇ ਰੋਸ਼ਨੀ ਪਾਉਂਦੀਆਂ ਪੇਸ਼ਕਾਰੀ ਦਿੱਤੀ ਗਈ.

ਉਧਰ ਡਾਇਰੈਕਟਰੇਟ ਆਫ ਆਯੁਰਵੇਦਾ ਪੰਜਾਬ ਵੱਲੋਂ ਚੰਡੀਗੜ੍ਹ ਵਿੱਚ ਕਰਾਏ ਗਏ ਆਯੁਰਵੇਦ ਦਿਵਸ ਸਮਾਗਮ ਵਿੱਚ ਗੁਰੂ ਰਵਿਦਾਸ ਆਯੁਰਵੇਦ ਯੂਨੀਵਰਸਿਟੀ ਅਤੇ ਪੰਜਾਬ ਬੋਰਡ ਆਫ ਆਯੁਰਵੇਦਾ ਐਂਡ ਯੂਨਾਨੀ ਮੈਡੀਸਨ ਦੇ ਰਜਿਸਟਰਾਰ ਡਾ. ਸੰਜੀਵ ਗੋਇਲ ਨੂੰ ਸੂਬੇ ਦੇ ਪਹਿਲੇ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਨਿਵਾਜਿਆ ਗਿਆ। ਡਾ. ਗੋਇਲ ਨੇ ਆਕਾਸ਼ਵਾਣੀ ਨਾਲ ਗੱਲਬਾਤ ਕਰਦਿਆਂ ਇਸ ਅਵਾਰਡ ਲਈ ਪੰਜਾਬ ਸਰਕਾਰ ਤੇ ਆਯੁਰਵੇਦ ਡਾਇਰੈਕਟਰਰੇਟ ਦਾ ਧੰਨਵਾਦ ਕੀਤਾ-

Byte

---------------------------------------------------

ਸਾਬਕਾ ਮੰਤਰੀ ਸਵਰਗੀ ਹਰਮੇਲ ਸਿੰਘ ਟੌਹੜਾ ਜਿਨ੍ਹਾਂ ਦਾ ਬੀਤੇ ਦਿਨੀਂ 77 ਸਾਲ ਦੀ ਉਮਰ ‘ਚ ਦੇਹਾਂਤ ਹੋ ਗਿਆ ਸੀ, ਦਾ ਅੰਤਿਮ ਸਸਕਾਰ, ਅੱਜ ਪਿੰਡ ਟੌਹੜਾ ਦੇ ਸਮਸ਼ਾਨਘਾਟ ਵਿਖੇ ਪੂਰੀਆਂ ਧਾਰਮਿਕ ਰਹੁ ਰੀਤਾਂ ਮੁਤਾਬਕ ਅਤੇ ਸਰਕਾਰੀ ਸਨਮਾਨਾਂ ਨਾਲ

ਕੀਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰਾਂ ਹਰਿੰਦਰਪਾਲ ਸਿੰਘ ਟੌਹੜਾ ਅਤੇ ਕੰਵਰਵੀਰ ਸਿੰਘ ਟੌਹੜਾ ਨੇ ਦਿਖਾਈ। ਇਸ ਮੌਕੇ ਪਟਿਆਲਾ ਪੁਲਿਸ ਦੀ ਟੁਕੜੀ ਨੇ ਮਾਤਮੀ ਧੁਨ ਵਜਾਈ ਅਤੇ ਜਵਾਨਾਂ ਨੇ ਹਥਿਆਰ ਉਲਟੇ ਕਰਕੇ ਗਾਰਡ ਆਫ਼ ਆਨਰ ਦਿੰਦਿਆਂ ਸਲਾਮੀ ਦਿੱਤੀ।

-----------------------------------------------------

ਪੰਜਾਬ ਦੇ Dr. B.R. Ambedkar National Institute of Technology ਨੇ ਇੱਕ ਵਾਰ ਫਿਰ ਵਿਸ਼ਵ ਪੱਧਰ 'ਤੇ ਦੇਸ਼ ਦਾ ਨਾਂ ਰੌਸ਼ਨ ਕੀਤਾ ਏ। ਇਸ ਸੰਸਥਾ ਦੇ 20 ਫੈਕਲਟੀ ਮੈਂਬਰਾਂ ਨੂੰ ਦੁਨੀਆ ਦੇ ਚੋਟੀ ਦੇ 2 ਪ੍ਰਤੀਸ਼ਤ ਵਿਗਿਆਨੀਆਂ ਵਿੱਚੋਂ ਮਾਨਤਾ ਦਿੱਤੀ ਗਈ ਏ । ਇਹ ਸੰਸਥਾ ਜਲੰਧਰ ਵਿਖੇ ਸਥਿਤ ਏ । ਹਲਕਿਆਂ ਦੇ ਹਵਾਲੇ ਨਾਲ, ਸਾਡੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ ਚੁਣੇ ਗਏ ਵਿਗਿਆਨੀਆਂ ਦਾ ਮੁਲੰਕਣ 22 ਵਿਆਪਕ ਖੇਤਰਾਂ ਅਤੇ 174 ਉਪ-ਖੇਤਰਾਂ ਵਿੱਚ ਇੱਕ ਸੰਯੁਕਤ ਸੂਚਕ ਦੀ ਵਰਤੋਂ ਕਰਕੇ ਕੀਤਾ ਗਿਆ ਏ ਜੋ ਖੋਜ ਉਤਪਾਦਕਤਾ, ਹਵਾਲੇ, ਸਹਿ-ਲੇਖਨ ਅਤੇ ਲੇਖਕ ਸਥਿਤੀ ਲਈ ਏ । ਇਹਨਾਂ ਵਿਗਿਆਨੀਆਂ ਨੂੰ

ਆਪਣੇ ਕਰਿਅਰ ਦੌਰਾਨ ਪਾਏ ਪ੍ਰਭਾਵਾਂ ਅਤੇ ਹਾਲੀਆ ਸਾਲਾਂ ਵਿੱਚ ਯੋਗਦਾਨ, ਦੋਵਾਂ ਲਈ ਮਾਨਤਾ ਪ੍ਰਾਪਤ ਏ, ਜੋ ਉਹਨਾਂ ਦੀ ਨਿਰੰਤਰ ਉੱਤਮਤਾ ਅਤੇ ਵਿਸ਼ਵਵਿਆਪੀ ਪ੍ਰਭਾਵ ਨੂੰ ਦਰਸਾਉਂਦਾ ਏ।

---

- ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ, ਆਯੁਸ਼ਮਾਨ ਭਾਰਤ ਦੇ ਅੱਜ ਸੱਤ ਸਾਲ ਪੂਰੇ ਹੋਣ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਸ ਯੋਜਨਾ ਨੇ ਮਾਲੀ ਸੁਰੱਖਿਆ ਅਤੇ ਮਾਣ ਨੂੰ ਯਕੀਨੀ ਬਣਾਇਆ ਏ।
- ਰੇਲਵੇ ਮੰਤਰਾਲੇ ਨੇ ਪੰਜਾਬ ਲਈ ਫਿਰੋਜ਼ਪੁਰ – ਦਿੱਲੀ ਅਤੇ ਮੋਹਾਲੀ – ਰਾਜਪੁਰਾ ਰੇਲ ਲਿੰਕ ਦਾ ਕੀਤਾ ਐਲਾਨ .
- ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਰਜਿਸਟ੍ਰੇਸ਼ਨ ਅੱਜ ਤੋਂ ਸ਼ੁਰੂ ਹੋ ਗਈ ਏ .

- ਮਹਾਨ ਸੂਫੀ ਦਰਵੇਸ਼, ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ ਪੁਰਬ ਮੌਕੇ ਫ਼ਰੀਦਕੋਟ'ਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ.
- ਜਲੰਧਰ ਦੇ ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ 20 ਫੈਕਲਟੀ ਮੈਂਬਰਾਂ ਨੂੰ ਦੁਨੀਆ ਦੇ ਚੋਟੀ ਦੇ 2 ਫੀਸਦੀ ਵਿਗਿਆਨੀਆਂ ਚ ਮਾਨਤਾ ਦਿੱਤੀ ਗਈ ਏ।

---------------------------------------------------

**ਇਸਦੇ ਨਾਲ ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**